# BUHDA DAL PUBLIC SCHOOL PATIALA
## Pre Board Examination (10 December 2025)
**Class - XII**
**Paper - Punjabi - 104 (Set-B)**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
2. ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

**ਭਾਗ-I : ਪੜ੍ਹਨ-ਕੌਸ਼ਲ** (8+7+7=23)

1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ਼ ਪੜ੍ਹੋ ਤੇ ਉਸ ਦੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : (8×1=8)

ਧਰਤੀ ਮਾਤਾ ਨੂੰ ਧਰਨੀ ਦੇਵੀ ਵੀ ਕਹਿੰਦੇ ਹਨ, ਇਸ ਦੀ ਪੂਜਾ ਪੂਰਵ-ਇਤਿਹਾਸਕ ਕਾਲ ਤੋਂ ਪ੍ਰਚਲਿਤ ਹੈ। ਧਰਤੀ ਸਿਰਫ਼ ਅੰਨ-ਦਾਤਾ ਤੇ ਫਲ-ਦਾਤਾ ਹੀ ਨਹੀਂ, ਧਰਤੀ ਉੱਪਰ ਵਸਦੇ ਸਭ ਪ੍ਰਾਣੀਆਂ ਤੇ ਬਨਸਪਤੀ ਦੀ ਰੱਖਿਅਕ ਤੇ ਪਾਲਕ ਵੀ ਹੈ। ਧਰਨੀ ਦੇਵੀ ਭੂਮੀ ਦੇ ਰੂਪ ਵਿੱਚ ਹਰ ਥਾਂ ਵਿਆਪਕ ਹੈ, ਉਸ ਨੂੰ ਛੂਹ ਕੇ ਪੂਜਿਆ ਜਾ ਸਕਦਾ ਹੈ। ਇਸ ਲਈ ਧਰਤੀ ਦੀ ਕੋਈ ਮੜ੍ਹੀ ਜਾਂ ਪੂਜਾ ਅਸਥਾਨ ਨਹੀਂ ਸਿਰਜਿਆ ਜਾਂਦਾ ਤੇ ਨਾ ਇਸ ਦੀ ਕੋਈ ਮੂਰਤੀ ਬਣਾਈ ਜਾਂਦੀ ਹੈ। ਫਿਰ ਵੀ ਕਈ ਪਿੰਡਾਂ ਵਿੱਚ ਕਿਸੇ ਪਵਿੱਤਰ ਦਰੱਖ਼ਤ ਹੇਠਾਂ ਪੱਥਰਾਂ ਗੀਟਿਆਂ ਜਾਂ ਠੀਕਰੀਆਂ ਦੀ ਢੇਰੀ ਜਿਹੀ ਵੇਖਣ ਨੂੰ ਮਿਲਦੀ ਹੈ। ਲੋਕੀਂ ਇੱਥੇ ਹੀ ਧਰਨੀ ਦੇਵੀ ਦੀਆਂ ਸੁੱਖਣਾਂ ਸੁਖਦੇ ਤੇ ਦੁੱਧ, ਫਲ਼ ਤੇ ਅੰਨ ਭੇਟ ਕਰਦੇ ਹਨ। ਇੱਥੇ ਹੀ ਧਰਨੀ ਨਮਿੱਤ ਘਿਓ ਦੇ ਦੀਵੇ ਬਾਲ਼ੇ ਜਾਂਦੇ ਹਨ। ਦੁੱਧ ਚੋਣ ਵੇਲ਼ੇ ਪਹਿਲੀਆਂ ਕੁਝ ਧਾਰਾਂ ਧਰਤੀ ਮਾਤਾ ਨੂੰ ਭੇਟ ਕੀਤੀਆਂ ਜਾਂਦੀਆਂ ਹਨ। ਹਲ਼ ਵਾਹੁਣ ਤੇ ਬੀਜ ਬੀਜਣ ਵੇਲ਼ੇ ਧਰਤੀ ਵੀ ਪੂਜੀ ਜਾਂਦੀ ਹੈ। ਇਸ ਮੌਕੇ ਉੱਤੇ ਗੁੜ ਦੀ ਭੇਲੀ ਜਾਂ ਕੁਝ ਰੋੜੀਆਂ ਧਰਤੀ ਨੂੰ ਭੇਟ ਕੀਤੀਆਂ ਜਾਂਦੀਆਂ ਹਨ। ਫ਼ਸਲ ਦੀ ਵਾਢੀ ਵੇਲ਼ੇ ਕੁਝ ਕੁ ਬੂਟੇ ਧਰਨੀ ਦੇਵੀ ਦੀ ਭੇਟਾ ਵਜੋਂ ਛੱਡ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਨਵੇਂ ਮਕਾਨ ਦੀ ਨੀਂਹ ਰੱਖਣ ਲੱਗਿਆਂ ਪਹਿਲਾਂ ਨਾਰੀਅਲ, ਸੰਧੂਰ, ਚਾਂਦੀ ਦੇ ਸਿੱਕੇ, ਮੋਤੀ, ਘੋਗੇ ਤੇ ਕੌਡੀਆਂ ਆਦਿ ਮੌਲੀ ਦੇ ਧਾਗੇ ਵਿੱਚ ਪਰੋ ਕੇ ਧਰਨੀ ਮਾਈ ਦੀ ਭੇਟ ਚੜ੍ਹਾਏ ਜਾਂਦੇ ਹਨ। ਸੰਕਟ ਵੇਲ਼ੇ ਔਰਤਾਂ ਧਰਤੀ ਮਾਂ ਨੂੰ ਰੱਖਿਆ ਲਈ ਦੁਹਾਈ ਦਿੰਦੀਆਂ ਹਨ। ਧਾਰਨਾ ਹੈ ਕਿ ਸਤਿ ਦੀ ਪਤ ਧਰਤੀ ਰੱਖਦੀ ਹੈ।

(i) ਧਰਨੀ ਦੇਵੀ ਕਿਸ ਨੂੰ ਕਹਿੰਦੇ ਹਨ ?
- (ੳ) ਧਰਤੀ ਨੂੰ ☐ (ਅ) ਅੰਨ-ਦਾਤਾ ਨੂੰ ☐
- (ੲ) ਫਲ਼-ਦਾਤਾ ਨੂੰ ☐ (ਸ) ਰੁੱਖਾਂ ਨੂੰ ☐

(ii) ਧਰਨੀ ਦੇਵੀ ਕਿਸ ਰੂਪ ਵਿੱਚ ਵਿਆਪਕ ਹੈ ?
- (ੳ) ਭੂਮੀ ਦੇ ਰੂਪ ਵਿੱਚ ☐ (ਅ) ਮੜ੍ਹੀ ਜਾਂ ਪੂਜਾ ਅਸਥਾਨ ਦੇ ਰੂਪ ਵਿੱਚ ☐
- (ੲ) ਅੰਨ ਦੇ ਰੂਪ ਵਿੱਚ ☐ (ਸ) ਠੀਕਰੀਆਂ ਦੀ ਢੇਰੀ ਦੇ ਰੂਪ ਵਿੱਚ ☐

(iii) ਧਰਤੀ ਨੂੰ ਮਾਤਾ ਕਿਉਂ ਕਿਹਾ ਜਾਂਦਾ ਹੈ ਜਾਂ ਧਰਤੀ ਨੂੰ ਪੂਜਿਆ ਕਿਉਂ ਜਾਂਦਾ ਹੈ ?
- (ੳ) ਲੋਕ-ਪਰੰਪਰਾ ਅਨੁਸਾਰ ☐
- (ਅ) ਸਮੁੱਚੀ ਬਨਸਪਤੀ ਦੀ ਰੱਖਿਅਕ ਤੇ ਪਾਲਣ ਹੋਣ ਕਾਰਨ ☐
- (ੲ) ਦੈਵੀ ਸ਼ਕਤੀ ਕਾਰਨ ☐
- (ਸ) ਧਰਤੀ ਦੇ ਪ੍ਰਕੋਪ ਕਾਰਨ ☐

(iv) 'ਪਾਲਕ' ਸ਼ਬਦ ਦਾ ਇੱਕ ਅਰਥ ਹੈ 'ਸਾਗ-ਸਬਜ਼ੀ' ਦੂਜਾ ਅਰਥ ਵੀ ਦੱਸੋ।
- (ੳ) ਪਾਲਣਾ ਕਰਨ ਵਾਲਾ ☐ (ਅ) ਪਾਲਿਆ ਹੋਇਆ ☐
- (ੲ) ਪਾਲਣਾ ਕਰਾਉਣ ਵਾਲਾ ☐ (ਸ) ਪਾਲੇ ਨਾਲ਼ ਠਰਿਆ ਹੋਇਆ ☐

(v) ਪੈਰੇ ਦਾ ਢੁੱਕਵਾਂ ਸਿਰਲੇਖ ਵੀ ਦੱਸੋ।
- (ੳ) ਧਰਤੀ ਦੀ ਵਡਿਆਈ ☐ (ਅ) ਧਰਤੀ ਅਤੇ ਮਨੁੱਖ ☐
- (ੲ) ਧਰਤੀ ਦੇਵੀ ਵਜੋਂ ☐ (ਸ) ਬਨਸਪਤੀ ਦੀ ਰੱਖਿਅਕ ☐

(vi) ਸੰਕਟ ਵੇਲ਼ੇ ਔਰਤਾਂ ਕਿਸ ਨੂੰ ਦੁਹਾਈ ਦਿੰਦੀਆਂ ਹਨ ?
- (ੳ) ਫ਼ਸਲਾਂ ਨੂੰ ☐ (ਅ) ਅੰਨ ਨੂੰ ☐
- (ੲ) ਧਰਤੀ ਮਾਤਾ ਨੂੰ ☐ (ਸ) ਉਪਰੋਕਤ ਕੋਈ ਨਹੀਂ ☐

B-1

Scanned with OKEN Scanner

(vii) ਧਰਨੀ ਨਮਿਤ ਕੀ ਬਾਲੇ ਜਾਂਦੇ ਹਨ ?

(ੳ) ਘਿਓ ਦੇ ਦੀਵੇ ☐ (ਅ) ਮੋਮਬੱਤੀਆਂ ☐

(ੲ) ਤੇਲ ਦੀਆਂ ਜੋਤਾਂ ☐ (ਸ) ਉਪਰੋਕਤ ਸਾਰੇ ☐

(viii) ਨਾਰੀਅਲ, ਸੰਧੂਰ, ਕੌਡੀਆਂ, ਮੋਤੀ ਆਦਿ ਕਦੋਂ ਧਰਨੀ ਮਾਈ ਦੀ ਭੇਟ ਚੜ੍ਹਾਏ ਜਾਂਦੇ ਹਨ ?

(ੳ) ਫ਼ਸਲ ਵੱਢਣ ਵੇਲੇ ☐ (ਅ) ਬੀਜ ਬੀਜਣ ਵੇਲੇ ☐

(ੲ) ਘਰ ਦੀ ਨੀਂਹ ਰੱਖਣ ਵੇਲੇ ☐ (ਸ) ਉਪਰੋਕਤ ਸਾਰੇ ☐

## ਭਾਗ-II : ਪ੍ਰਭਾਵਸ਼ਾਲੀ ਲਿਖਣ-ਕੌਸ਼ਲ (8)

2. ਤੁਹਾਡੇ ਸਕੂਲ ਵਿੱਚ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਯੂਨੀਫ਼ਾਰਮ ਖਰੀਦਣ ਲਈ ਗ੍ਰਾਂਟ ਆਈ ਹੈ। ਵੇਰਵੇ ਦੱਸਦੇ ਹੋਏ ਸਕੂਲ ਦੇ ਪ੍ਰਿੰਸੀਪਲ ਸਾਹਿਬ ਵੱਲੋਂ ਕਿਸੇ ਫ਼ਰਮ ਤੋਂ ਕੁਟੇਸ਼ਨ ਦੀ ਮੰਗ ਕਰੋ।

ਜਾਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸੂਚਨਾ ਅਧਿਕਾਰੀ ਨੂੰ ਪੱਤਰ ਲਿਖੋ ਜਿਸ ਵਿੱਚ ਸਾਉਣੀ ਦੀਆਂ ਫ਼ਸਲਾਂ, ਫ਼ਸਲਾਂ ਦੇ ਬੀਜਾਂ ਦੀ ਉਪਲੱਬਧਤਾ, ਸਿਖਲਾਈ ਪ੍ਰੋਗਰਾਮਾਂ, ਖੇਤੀਬਾੜੀ ਸਾਹਿਤ, ਸੰਭਾਵਿਤ ਰੋਗਾਂ ਤੇ ਰੋਕਥਾਮ ਆਦਿ ਬਾਰੇ ਜਾਣਕਾਰੀ ਦੀ ਮੰਗ ਕਰੋ।

3. ਕਿਸੇ ਇੱਕ ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰ੍ਹਾ ਰਚਨਾ ਕਰੋ। (7)

ਮਨਿ ਜੀਤੈ ਜਗੁ ਜੀਤੁ ਜਾਂ ਆਨਲਾਈਨ ਖਰੀਦਦਾਰੀ

## ਭਾਗ-III : ਵਿਹਾਰਕ ਵਿਆਕਰਨ

4. ਵਾਕ-ਵਟਾਂਦਰਾ (3×1=3)

ਹੇਠਾਂ ਲਿਖੇ ਵਾਕਾਂ ਨੂੰ ਬਰੈਕਟ ਵਿੱਚ ਦਿੱਤੇ ਵਾਕਾਂ ਅਨੁਸਾਰ ਵਾਕ-ਵਟਾਂਦਰਾ ਕਰੋ :

(ੳ) ਮੇਰੇ ਦਾਦਾ ਜੀ ਅਮੀਰ ਨਹੀਂ ਹਨ। (ਹਾਂ ਵਾਚਕ)

(ਅ) ਸਿਆਣੇ ਵਿਦਿਆਰਥੀ ਅਧਿਆਪਕਾਂ ਦਾ ਸਤਿਕਾਰ ਕਰਦੇ ਹਨ। (ਮਿਸ਼ਰਤ ਵਾਕ)

(ੲ) ਮੰਦਿਰ ਬਹੁਤ ਸੁੰਦਰ ਹੈ। (ਵਿਸਮੈ ਵਾਚਕ)

(ਸ) ਮਾਲੀ ਨੇ ਬੂਟਿਆਂ ਨੂੰ ਪਾਣੀ ਦਿੱਤਾ। (ਕਰਮਣੀ ਵਾਚ)

5. ਅਖਾਣ/ਅਖਾਉਤਾਂ (5×2=10)

ਹੇਠਾਂ ਦਿੱਤੇ ਗਏ ਅਖਾਣਾਂ ਵਿੱਚੋਂ ਕਿਸੇ ਪੰਜ ਅਖਾਣਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਉਨ੍ਹਾਂ ਦੀ ਸਥਿਤੀ ਸਪੱਸ਼ਟ ਹੋ ਜਾਵੇ :

(i) ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ

(ii) ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਅਖਵਾਉਂਦੀ

(iii) ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜੰਮਦਾ

(iv) ਠੂਠਾ ਫੁੱਟ ਕੇ ਛੰਨਾ ਮਿਲਿਆ

(v) ਘਰ ਦਾ ਸੜਿਆ ਵਣ ਗਿਆ, ਵਣ ਨੂੰ ਲੱਗੀ ਅੱਗ

(vi) ਖ਼ਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ਾ ਰੰਗ ਫੜਦਾ ਹੈ।

## ਭਾਗ-IV : ਪਾਠ-ਪੁਸਤਕ ਆਧਾਰਿਤ ਪ੍ਰਸ਼ਨ

**ਕਵਿਤਾਵਾਂ ਵਿੱਚੋਂ**

6. ਹੇਠਾਂ ਲਿਖਿਆਂ ਵਿੱਚੋਂ ਕਿਸੇ ਇੱਕ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : (3+5=8)

(ੳ) ਰਾਤ ਸੁਲੱਗਦਾ ਸੁੰਞਾ ਪਾਲਾ
ਮੈਂ, ਮੇਰੀ ਮਾਂ, ਦੀਪ-ਵਿਹੂਣੇ
ਜਿਉਂ ਨ੍ਹੇਰੇ ਦੀ ਭੁੰਬ ਮਾਰ ਕੇ
ਦੋ ਬੂਟੇ ਕੁਮਲਾਏ ਸੁੱਤੇ।
ਸਾਡੇ ਵਿਹੜੇ ਮਰੀ ਕਹਾਣੀ
ਇੱਕ ਸੀ ਰਾਜਾ, ਇੱਕ ਸੀ ਰਾਣੀ।

B-2

Scanned with OKEN Scanner

(vi) 'ਉਹ ਗਰੀਬ ਏ, ਪੈਸੇ ਡਿੱਗ ਵੀ ਪੈਂਦੇ ਨੇ।' ਇਹ ਵਾਕ ਕਿਸ ਨੇ ਕਿਹਾ ?

(ੳ) ਲੇਖਕ ਨੇ (ਅ) ਲੇਖਕ ਦੀ ਪਤਨੀ ਨੇ

(ੲ) ਲੇਖਕ ਦੇ ਪੁੱਤਰ ਨੂੰ (ਸ) ਰਿਕਸ਼ੇ ਵਾਲੇ ਨੇ

**10. ਹੇਠਾਂ ਦਿੱਤੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਲਿਖੋ : (4×2=8)**

(ੳ) 'ਮਾੜਾ ਬੰਦਾ' ਕਹਾਣੀ ਵਿੱਚ ਲੇਖਕ ਦੀ ਪਤਨੀ ਬੇਚੈਨ ਕਿਉਂ ਸੀ ?

(ਅ) ਗਵਾਲੇ ਦੁਆਰਾ ਮਸਾਲੇ ਦੀ ਟੋਕਰੀ ਚੁੱਕ ਕੇ ਲੈ ਜਾਣ ਤੋਂ ਬਾਅਦ ਨੀਲੀ ਦੇ ਮਨ ਦੀ ਹਾਲਤ ਲੇਖਕ ਨੇ ਕਿਵੇਂ ਬਿਆਨ ਕੀਤੀ ਹੈ ?

(ੲ) ਪ੍ਰੋਫ਼ੈਸਰ ਲਾਲ ਚੀਰੇ ਵਾਲੇ ਸਾਈਕਲ ਸਵਾਰ ਬਾਰੇ ਕੀ-ਕੀ ਸੋਚਦਾ ਹੈ ?

(ਸ) ਜੀਤੋ ਫੌਜੀ ਨੂੰ ਗੱਚ ਕਿਸ ਗੱਲ ਕਰ ਕੇ ਆ ਗਿਆ ?

(ਹ) ਛੌਡੀ ਦੇ ਮਰਨ 'ਤੇ ਨੀਲੀ ਦੁੱਧ ਕਿਉਂ ਨਹੀਂ ਸੀ ਦੇ ਰਹੀ ?

**ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ**

**11. ਹੇਠਾਂ ਦਿੱਤੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : (5×1=5)**

(i) ਸਿੰਘ ਸਭਾ ਲਹਿਰ ਨੇ ਕਿਹੜੀ ਰੀਤ ਦਾ ਪ੍ਰਚਾਰ ਕੀਤਾ ?

(ੳ) ਅਨੰਦ ਕਾਰਜ ਦੀ ਰੀਤ ਦਾ (ਅ) ਨਾਮਕਰਨ ਰੀਤ ਦਾ

(ੲ) ਮਿਲਣੀ ਦੀ ਰੀਤ ਦਾ (ਸ) ਅੰਤਿਮ ਸੰਸਕਾਰ ਦਾ

(ii) ਸਾਂਝੀ ਮਾਈ ਦੀ ਮੂਰਤੀ ਕਿੱਥੇ ਬਣਾਈ ਜਾਂਦੀ ਹੈ ?

(ੳ) ਕੰਧ ਉੱਤੇ (ਅ) ਫ਼ਰਸ਼ ਉੱਤੇ

(ੲ) ਛੱਤ ਉੱਤੇ (ਸ) ਘਰ ਦੇ ਬਾਹਰ

(iii) ਪੰਜਾਬੀ ਕਵੀ ਹਾਸ਼ਮ ਸ਼ਾਹ ਦੀ ਯਾਦ ਵਿੱਚ ਕਿੱਥੇ ਮੇਲਾ ਲੱਗਦਾ ਹੈ ?

(ੳ) ਜੰਡਿਆਲਾ ਸ਼ੇਰ ਖ਼ਾਂ (ਅ) ਪਾਕਪਟਨ

(ੲ) ਮਾਲੇਰਕੋਟਲੇ (ਸ) ਜਗਦੇਵ ਕਲਾਂ

(iv) ਵੱਡੇ-ਵਡੇਰਿਆਂ ਦੀਆਂ ਬੈਠ ਕੇ ਖੇਡਣ ਵਾਲੀਆਂ ਖੇਡਾਂ ਦੇ ਨਾਮ ਦੱਸੋ।

(ੳ) ਤਾਸ਼ (ਅ) ਸ਼ਤਰੰਜ

(ੲ) ਚੌਪੜ (ਸ) ੳ, ਅ, ੲ ਤਿੰਨੋਂ

(v) ਸੰਮੀ-ਨਾਚ ਕਿਵੇਂ ਨੱਚਿਆ ਜਾਂਦਾ ਹੈ ?

(ੳ) ਟੋਲੀਆਂ ਬਣਾ ਕੇ (ਅ) ਸਿੱਧੀਆਂ ਕਤਾਰਾਂ ਵਿੱਚ

(ੲ) ਘੇਰਾ ਬਣਾ ਕੇ (ਸ) ਬੈਠ ਕੇ

(vi) ਪੰਜਾਬ ਦੇ ਕਿਸ ਲੋਕ-ਨਾਚ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ ?

(ੳ) ਕਿੱਕਲੀ (ਅ) ਸੰਮੀ

(ੲ) ਭੰਗੜਾ (ਸ) ਝੂੰਮਰ

**12. ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 60-70 ਸ਼ਬਦਾਂ ਵਿੱਚ ਲਿਖੋ : (2×4=8)**

(ੳ) ਪੰਜਾਬ ਵਿੱਚ ਵਿਆਹ ਦੇ ਰਸਮ ਰਿਵਾਜ਼ ਕਿਹੜੇ-ਕਿਹੜੇ ਸਨ ? ਹੁਣ ਇਹਨਾਂ ਵਿੱਚ ਕੀ ਤਬਦੀਲੀ ਆ ਰਹੀ ਹੈ ?

(ਅ) ਪੁਰਾਤਨ ਸਮੇਂ ਵਿੱਚ ਪਿੰਡ ਵਾਸੀ ਆਪਣੇ ਪਿੰਡ ਦੇ ਲੋਕ ਖਿਡਾਰੀਆਂ ਨੂੰ ਕਿਵੇਂ ਨਿਵਾਜ਼ਦੇ ਸਨ ?

(ੲ) ਪੰਜਾਬ ਦੇ ਮਰਦਾਵੇਂ ਲੋਕ-ਨਾਚ ਦਾ ਸੰਖੇਪ ਵਰਣਨ ਕਰੋ।



Scanned with OKEN Scanner